بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਇਰਾਨ ਇਸਰਾਈਲ ਜੰਗ ਦੇ ਪੇਸ਼ਿ ਨਜ਼ਰ ਦੁਆਵਾਂ ਦੀ ਤਹਿਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 13 ਜੂਨ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕੁੱਝ ਜੁਮਏ ਪਹਿਲਾਂ ਫ਼ਤਹਿ ਮੱਕਾ ਦੇ ਹਵਾਲੇ ਨਾਲ਼ ਸ਼ੁਰੂਆਤੀ ਜ਼ਿਕਰ ਕੀਤਾ ਸੀ। ਅੱਜ ਇਸ ਹਵਾਲੇ ਨਾਲ਼ ਹੋਰ ਤਫ਼ਸੀਲ ਬਿਆਨ ਕਰਾਂਗਾ। ਇਸ ਗ਼ਜ਼ਵੇ ਦੇ ਕਾਰਨ ਬਾਰੇ ਬਿਆਨ ਹੋਇਆ ਹੈ ਕਿ ਇਸ ਦਾ ਮੂਲ ਕਾਰਨ ਇਹ ਹੋਇਆ ਕਿ ਕੁਰੈਸ਼ ਨੇ ਉਸ ਸੰਧੀ ਨੂੰ ਤੋੜ ਦਿੱਤਾ ਜਿਹੜੀ ਹੁਦੈਬਿਯਾ ਵਿੱਚ ਹੋਈ ਸੀ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਸੁਨੇਹਾ ਲਿਆਉਣ ਵਾਲ਼ੇ ਨੂੰ ਬੜੀ ਹਉਮੈ ਨਾਲ਼ ਕਹਿ ਦਿੱਤਾ ਕਿ ਅਸੀਂ ਸੰਧੀ ਖ਼ਤਮ ਕਰਦੇ ਹਾਂ ਅਤੇ ਅਸੀਂ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨਾਲ਼ ਜੰਗ ਕਰਾਂਗੇ। ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਹ ਖ਼ਬਰ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੱਕੇ ਦਾ ਰੁਖ਼ ਕੀਤਾ।

ਉਹਨਾਂ ਦੇ ਸੰਧੀ ਤੋੜਨ ਦੀ ਤਫ਼ਸੀਲ ਇੰਝ ਹੈ ਕਿ ਜਦ ਸੁਲਹ ਹੁਦੈਬਿਯਾ ਹੋਈ ਤਾਂ ਉਸ ਵਿੱਚ ਇੱਕ ਸ਼ਰਤ ਇਹ ਵੀ ਸੀ ਕਿ ਅਰਬ ਦੇ ਕ਼ਬੀਲਿਆਂ ਵਿੱਚੋਂ ਜਿਹੜਾ ਚਾਹੇ ਉਹ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸੰਧੀ ਕਰ ਲਵੇ ਅਤੇ ਜਿਹੜਾ ਚਾਹੇ ਉਹ ਕੁਰੈਸ਼ ਦੇ ਨਾਲ਼ ਸੰਧੀ ਕਰ ਲਵੇ। ਚੁਨਾਂਚੇ ਬਨੂ ਬਕਰ ਅਤੇ ਬਨੂ ਖ਼ਜ਼ਾਆ, ਜਿਹੜੇ ਹਰਮ ਦੇ ਆਲ਼ੇ ਦੁਆਲ਼ੇ ਆਬਾਦ ਸਨ, ਉਹਨਾਂ ਵਿੱਚੋਂ ਬਨੂ ਖ਼ਜ਼ਾਆ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸੰਧੀ ਕਰ ਲਈ ਅਤੇ ਉਹਨਾਂ ਦੇ ਵਿਰੋਧੀ ਕ਼ਬੀਲੇ ਬਨੂ ਬਕਰ ਨੇ ਕੁਰੈਸ਼ ਦੇ ਨਾਲ਼ ਸੰਧੀ ਕਰ ਲਈ ਅਤੇ ਦੋਹੇਂ ਕ਼ਬੀਲੇ ਆਪਸੀ ਲੜਾਈ ਤੋਂ ਮਹਿਫ਼ੂਜ਼ ਹੋ ਗਏ। ਦੌਰਿ ਜਾਹਿਲੀਅਤ ਵਿੱਚ ਬਨੂ ਖ਼ਜ਼ਾਆ ਅਤੇ ਬਨੂ ਬਕਰ ਦੀ ਲੜਾਈ ਸੀ ਜਿਸ ਵਿੱਚ ਬਨੂ ਬਕਰ ਨੇ ਇੱਕ ਖ਼ਜ਼ਾਈ ਸ਼ਖ਼ਸ ਨੂੰ ਕ਼ਤਲ ਕੀਤਾ ਅਤੇ ਬਨੂ ਖਜ਼ਾਆ ਨੇ ਬਨੂ ਬਕਰ ਦੇ ਤਿੰਨ ਆਦਮੀਆਂ ਨੂੰ ਹਰਮ ਦੀ ਹੱਦ ਦੇ ਅੰਦਰ ਕ਼ਤਲ ਕੀਤਾ ਸੀ। ਬਨੂ ਬਕਰ ਅਤੇ ਬਨੂ ਖ਼ਜ਼ਾਆ ਇਸੇ ਹਾਲਤ ਵਿੱਚ ਸਨ, ਯਾਨੀ ਉਹਨਾਂ ਦੀ ਆਪਸ ਵਿੱਚ ਲੜਾਈਆਂ ਚੱਲ ਰਹੀਆਂ ਸਨ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਆਮਦ ਹੋਈ ਤਾਂ ਲੋਕ ਇਸਲਾਮ ਦੇ ਬਾਰੇ ਮਸਰੂਫ਼ ਹੋ ਗਏ। ਨਵੀਂ ਚੀਜ਼ ਉਹਨਾਂ ਦੇ ਸਾਹਮਣੇ ਆ ਗਈ ਤੇ ਇਸ ਬਾਰੇ ਗੱਲਾਂ ਹੋਣ ਲੱਗੀਆਂ ਅਤੇ ਇੱਕ ਦੂਸਰੇ ਤੋਂ ਰੁਕ ਗਏ ਪਰ ਉਹ ਦਿਲਾਂ ਵਿੱਚ ਗੁੱਸਾ ਲਕੋਏ ਹੋਏ ਸਨ।

ਸ਼ਾਅਬਾਨ 8 ਹਿਜਰੀ ਦਾ ਮਹੀਨਾ ਆਇਆ ਅਤੇ ਸੁਲਹ ਹੁਦੈਬਿਯਾ ਨੂੰ 22 ਮਹੀਨੇ ਲੰਘ ਚੁੱਕੇ ਸਨ, ਤਾਂ ਬਨੂ ਬਕਰ ਦੇ ਇੱਕ ਸ਼ਖ਼ਸ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸ਼ਾਨ ਵਿੱਚ ਹਜੂ ਕੀਤੀ ਯਾਨੀ ਤੌਹੀਨ ਵਾਲ਼ੇ ਸ਼ੇਅਰ ਕਹੇ। ਬਨੂ ਖ਼ਜ਼ਾਆ ਦੇ ਇੱਕ ਨੌਜਵਾਨ ਨੇ ਉਸਨੂੰ ਗਾਉਂਦੇ ਸੁਣਿਆ ਤਾਂ ਉਸ ਨੇ ਉਸ ਸ਼ਖ਼ਸ ਨੂੰ ਮਾਰਿਆ ਅਤੇ ਉਸ ਦਾ ਸਿਰ ਪਾੜ ਦਿੱਤਾ। ਇਸ ਵਾਕ਼ੇ ਬਾਰੇ ਦੋਹਾਂ ਕ਼ਬੀਲਿਆਂ ਵਿੱਚ ਝਗੜਾ ਹੋ ਗਿਆ ਜਦ ਕਿ ਪਹਿਲੇ ਹੀ ਕ਼ਬਾਇਲੀ ਦੁਸ਼ਮਣੀ ਚੱਲੀ ਆ ਰਹੀ ਸੀ। ਬਨੂ ਬਕਰ ਦੇ ਜਿਸ ਸ਼ਖ਼ਸ ਨੇ ਇਹ ਤੌਹੀਨ ਭਰੇ ਸ਼ੇਅਰ ਲਿਖੇ ਸਨ ਉਹ ਬਨੂ ਬਕਰ ਦੇ

ਇੱਕ ਖ਼ਾਨਦਾਨ ਬਨੂ ਨਫ਼ਾਸਾ ਦਾ ਸ਼ਖ਼ਸ ਸੀ, ਜਦ ਉਸ ਸ਼ਾਇਰ ਨੂੰ ਬਨੂ ਖ਼ਜ਼ਾਆ ਦੇ ਇੱਕ ਨੌਜਵਾਨ ਨੇ ਜ਼ਖ਼ਮੀ ਕਰ ਦਿੱਤਾ ਤਾਂ ਬਨੂ ਬਕਰ ਵਿੱਚੋਂ ਬਨੂ ਨਫ਼ਾਸਾ ਨੇ ਕੁਰੈਸ਼ ਤੋਂ ਬਨੂ ਖ਼ਜ਼ਾਆ ਦੇ ਖ਼ਿਲਾਫ਼ ਬੰਦਿਆਂ ਅਤੇ ਅਸਲ੍ਹੇ ਦੀ ਮਦਦ ਦੀ ਦਰਖ਼ਾਸਤ ਕੀਤੀ।

ਕੁਰੈਸ਼ ਨੇ ਸਿਵਾਏ ਅਬੂ ਸੁਫ਼ਯਾਨ ਦੇ, ਉਹਨਾਂ ਦੀ ਮਦਦ ਕਰਨ ਦੀ ਹਾਮੀ ਭਰ ਲਈ। ਉਸ ਨੇ ਨਾ ਇਹ ਮਸ਼ਵਰਾ ਦਿੱਤਾ ਸੀ ਅਤੇ ਨਾ ਉਸਨੂੰ ਇਸ ਗੱਲ ਦਾ ਪਤਾ ਸੀ। ਇੱਕ ਕ਼ੋਲ ਇਹ ਵੀ ਹੈ ਕਿ ਉਸ ਦੇ ਨਾਲ ਮਸ਼ਵਰਾ ਕੀਤਾ ਗਿਆ ਸੀ ਪਰ ਉਸਨੇ ਲੜਾਈ ਤੋਂ ਇਨਕਾਰ ਕਰ ਦਿੱਤਾ। ਪਰ ਉਸ ਦੇ ਬਾਵਜੂਦ ਕੁਰੈਸ਼ ਨੇ ਅਸਲ੍ਹੇ, ਘੋੜਿਆਂ ਅਤੇ ਆਦਮੀਆਂ ਦੇ ਨਾਲ ਉਹਨਾਂ ਦੀ ਮਦਦ ਕੀਤੀ। ਉਹਨਾਂ ਸਭ ਨੇ ਰਾਜ਼ਦਾਰੀ ਦੇ ਨਾਲ ਹਮਲਾ ਕੀਤਾ ਤਾਂ ਜੋ ਬਨੂ ਖ਼ਜ਼ਾਆ ਆਪਣਾ ਬਚਾਅ ਨਾ ਕਰ ਸਕਣ। ਬਨੂ ਖ਼ਜ਼ਾਆ ਸੰਧੀ ਦੀ ਵਜ੍ਹਾ ਨਾਲ ਆਪਣੇ ਆਪ ਨੂੰ ਮਹਿਫ਼ੂਜ਼ ਸਮਝ ਰਹੇ ਸਨ ਅਤੇ ਅਣਜਾਣ ਸਨ। ਕੁਰੈਸ਼, ਬਨੂ ਬਕਰ ਅਤੇ ਬਨੂ ਨਫ਼ਾਸਾ ਨੇ ਵਤੀਰ ਦੇ ਮਕ਼ਾਮ ‘ਤੇ ਮਿਲਣ ਦਾ ਵਾਅਦਾ ਕੀਤਾ। ਇਹ ਮੱਕਾ ਮੁਕੱਰਮਾ ਦਾ ਹੇਠਲਾ ਇਲਾਕ਼ਾ ਸੀ। ਬਨੂ ਖ਼ਜ਼ਾਆ ਦੇ ਘਰ ਇਸੇ ਜਗ੍ਹਾ ਸਨ। ਇਹ ਲੋਕ ਜਿਹੜੇ ਮੁਖ਼ਾਲਿਫ਼ ਸਨ ਉਹ ਨਿਯੁਕਤ ਸਮੇਂ ‘ਤੇ ਉੱਥੇ ਪਹੁੰਚੇ। ਕੁਰੈਸ਼ ਦੇ ਸਰਦਾਰਾਂ ਨੇ ਭੇਸ ਬਦਲੇ ਹੋਏ ਸਨ ਅਤੇ ਨਕ਼ਾਬ ਕਰ ਰੱਖੇ ਸਨ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਤਾਰੀਖ਼ੀ ਲਿਹਾਜ਼ ਨਾਲ ਇਸ ਨੂੰ ਬਿਆਨ ਫ਼ਰਮਾਇਆ ਹੈ। ਇਸੇ ਤਰ੍ਹਾਂ ਲਿਖਿਆ ਹੈ ਕਿ ਮੱਕਾ ਵਾਲਿਆਂ ਨੇ ਅਬੂ ਸੁਫ਼ਯਾਨ ਨੂੰ ਮਦੀਨੇ ਰਵਾਨਾ ਕੀਤਾ ਤਾਂ ਜੋ ਉਹ ਕਿਸੇ ਤਰ੍ਹਾਂ ਮੁਸਲਮਾਨਾਂ ਨੂੰ ਹਮਲੇ ਤੋਂ ਬਾਜ਼ ਰੱਖੇ। ਅਬੂ ਸੁਫ਼ਯਾਨ ਨੇ ਮਦੀਨੇ ਪਹੁੰਚ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਜ਼ੋਰ ਪਾਉਣਾ ਸ਼ੁਰੂ ਕੀਤਾ ਕਿ ਕਿਉਂਕਿ ਸੁਲਹ ਹੁਦੈਬਿਯਾ ਦੇ ਵੇਲੇ ਉਹ ਮੌਜੂਦ ਨਹੀਂ ਸੀ ਇਸ ਲਈ ਨਵੇਂ ਸਿਰੇ ਤੋਂ ਸੰਧੀ ਕੀਤੀ ਜਾਵੇ ਲੇਕਿਨ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਕਿਉਂਕਿ ਜਵਾਬ ਦੇਣ ਨਾਲ ਰਾਜ਼ ਜ਼ਾਹਿਰ ਹੋ ਜਾਂਦੇ ਹਨ। ਅਬੂ ਸੁਫ਼ਯਾਨ ਨੇ ਮਾਯੂਸੀ ਦੀ ਹਾਲਤ ਵਿੱਚ ਘਬਰਾ ਕੇ ਮਸਜਿਦ ਵਿੱਚ ਖੜੇ ਹੋ ਕੇ ਐਲਾਨ ਕੀਤਾ ਕਿ ਐ ਲੋਕੋ! ਮੈਂ ਮੱਕਾ ਵਾਲਿਆਂ ਵੱਲੋਂ ਨਵੇਂ ਸਿਰੇ ਤੋਂ ਆਪ ਲੋਕਾਂ ਦੇ ਲਈ ਅਮਨ ਦਾ ਐਲਾਨ ਕਰਦਾ ਹਾਂ। ਇਹ ਗੱਲ ਸੁਣ ਕੇ ਮੁਸਲਮਾਨ ਉਸਦੀ ਬੇਵਕੂਫ਼ੀ ‘ਤੇ ਹੱਸ ਪਏ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਅਬੂ ਸੁਫ਼ਯਾਨ! ਤੂੰ ਇਹ ਗੱਲ ਇੱਕ ਪੱਖੀ ਕਹਿ ਰਿਹਾ ਹੈਂ, ਅਸੀਂ ਕੋਈ ਅਜਿਹੀ ਸੰਧੀ ਤੁਹਾਡੇ ਨਾਲ ਨਹੀਂ ਕੀਤੀ।

ਬਹਰਹਾਲ ਇਸੇ ਵਾਕ਼ੇ ਦਾ ਜ਼ਿਕਰ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਕੀਤਾ ਹੈ ਅਤੇ ਆਪਣੇ ਅੰਦਾਜ਼ ਵਿੱ।ਚ ਉਹ ਲਿਖਦੇ ਹਨ ਕਿ ਹਜ਼ਰਤ ਮੈਮੂਨਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਇੱਕ ਰਾਤ ਮੇਰੀ ਵਾਰੀ ਵਿੱਚ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੇ ਘਰ ਸੌਂ ਰਹੇ ਸਨ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਹੱਜੁਦ ਦੇ ਲਈ ਉੱਠੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵਜ਼ੂ ਕਰਦੇ ਹੋਏ ਬੋਲਿਆ ਅਤੇ ਮੈਨੂੰ ਆਵਾਜ਼ ਆਈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾ ਰਹੇ ਹਨ ਕਿ ਲੱਬੈਕ! ਲੱਬੈਕ! ਲੱਬੈਕ। ਉਸਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਨੁਸਰਤ! ਨੁਸਰਤ! ਨੁਸਰਤ। ਉਹ ਕਹਿੰਦੀ ਹਨ ਕਿ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਬਾਹਰ ਤਸ਼ਰੀਫ਼ ਲਿਆਏ ਤਾਂ ਮੈਂ ਕਿਹਾ ਕਿ ਯਾ ਰਸੂਲੁੱਲਾਹ (ਸੱਲ-ਲੱਲਾਹੁ ਅਲੈਹਿ-ਵਸੱਲਮ)! ਕੋਈ ਆਦਮੀ ਆਇਆ ਸੀ ਜਿਸ ਨਾਲ ਆਪ ਗੱਲਾਂ ਕਰ ਰਹੇ ਸਨ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਹਾਂ, ਮੇਰੇ ਸਾਹਮਣੇ ਕਸ਼ਫ਼ੀ ਤੌਰ ‘ਤੇ ਖ਼ਜ਼ਾਆ ਦਾ ਇੱਕ ਗਿਰੋਹ ਪੇਸ਼ ਹੋਇਆ ਅਤੇ ਉਹ ਸ਼ੋਰ ਮਚਾਉਂਦੇ ਚਲੇ ਜਾ ਰਹੇ ਸਨ ਕਿ ਅਸੀਂ ਮੁਹੰਮਦ ( ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਉਸਦੇ ਖ਼ੁਦਾ ਦੀ ਕ਼ਸਮ ਦੇ ਕੇ ਕਹਿੰਦੇ ਹਾਂ ਕਿ ਤੇਰੇ ਨਾਲ ਅਤੇ ਤੇਰੇ ਬਾਪ ਦਾਦਿਆਂ ਦੇ ਨਾਲ ਅਸੀਂ ਸੰਧੀਆਂ ਕੀਤੀਆਂ ਸਨ ਅਤੇ ਅਸੀਂ ਤੇਰੀ ਮਦਦ ਕਰਦੇ ਚਲੇ ਆਏ ਹਾਂ ਪਰ ਕੁਰੈਸ਼ ਨੇ ਸਾਡੇ ਨਾਲ ਬਦ ਅਹਿਦੀ ਕੀਤੀ ਅਤੇ ਰਾਤ ਦੇ ਵੇਲੇ ਸਾਡੇ ‘ਤੇ ਹਮਲਾ ਕਰਕੇ, ਜਦ ਸਾਡੇ ਵਿੱਚੋਂ ਕੋਈ ਸਜਦੇ ਵਿੱਚ ਸੀ ਅਤੇ ਕੋਈ ਰੁਕੂਅ ਵਿੱਚ ਸੀ, ਸਾਨੂੰ ਕ਼ਤਲ ਕਰ ਦਿੱਤਾ। ਹੁਣ ਅਸੀਂ ਤੇਰੀ ਮਦਦ ਹਾਸਲ ਕਰਨ ਲਈ ਆਏ ਹਾਂ। ਗ਼ਰਜ਼ ਮੈਂ ਦੇਖਿਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਦੇਖਿਆ ਕਿ ਬਨੂ ਖ਼ਜ਼ਾਆ ਦਾ ਆਦਮੀ ਖੜਾ ਹੈ। ਜਦ ਕਸ਼ਫ਼ੀ ਤੌਰ ‘ਤੇ ਉਹ ਆਦਮੀ ਮੈਨੂੰ ਨਜ਼ਰ ਆਇਆ ਤਾਂ ਮੈਂ ਕਿਹਾ ਲੱਬੈਕ! ਲੱਬੈਕ! ਲੱਬੈਕ!, ਤਿੰਨ ਵਾਰ

ਕਿਹਾ। ਯਾਨੀ ਮੈਂ ਤੁਹਾਡੀ ਮਦਦ ਦੇ ਲਈ ਹਾਜ਼ਰ ਹਾਂ। ਫਿਰ ਮੈਂ ਕਿਹਾ ਨੁਸਰਤ! ਨੁਸਰਤ! ਨੁਸਰਤ!, ਯਾਨੀ ਤੁਹਾਡੀ ਮਦਦ ਕੀਤੀ ਜਾਵੇਗੀ, ਇਹ ਵੀ ਤਿੰਨ ਵਾਰ ਕਿਹਾ। ਫਿਰ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਉਸੇ ਦਿਨ ਸਵੇਰ ਦੇ ਵੇਲੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੇ ਘਰ ਤਸ਼ਰੀਫ਼ ਲਿਆਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਬਨੂ ਖ਼ਜ਼ਾਆ ਦੇ ਨਾਲ ਇੱਕ ਖ਼ਤਰਨਾਕ ਵਾਕ਼ਿਆ ਪੇਸ਼ ਆਇਆ ਹੈਤਾਲਾ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਮੈਂ ਸਮਝ ਲਿਆ ਕਿ ਬਨੂ ਖ਼ਜ਼ਾਆ ਦੇ ਨਾਲ ਖ਼ਤਰਨਾਕ ਵਾਕ਼ਿਆ ਇਹੀ ਹੋ ਸਕਦਾ ਹੈ ਕਿ ਉਹ ਮੱਕਾ ਦੀ ਸਰਹੱਦ 'ਤੇ ਹਨ ਅਤੇ ਮੱਕਾ ਵਾਲੇ ਜਿਹਨਾਂ ਦੀ ਬਨੂ ਬਕਰ ਦੇ ਨਾਲ ਸੰਧੀ ਹੈ, ਬਨੂ ਖ਼ਜ਼ਾਆ 'ਤੇ ਹਮਲਾ ਕਰ ਦੇਣ। ਮੈਂ ਕਿਹਾ, ਯਾ ਰਸੂਲੁੱਲਾ (ਸੱਲ-ਲੱਲਾਹੁ ਅਲੈਹਿ-ਵਸੱਲਮ)! ਕੀ ਇਹ ਮੁਮਕਿਨ ਹੈ ਕਿ ਇੱਨੀਆਂ ਕ਼ਸਮਾਂ ਦੇ ਬਾਅਦ ਕ਼ੁਰੈਸ਼ ਸੰਧੀ ਤੋੜ ਦੇਣ ਅਤੇ ਉਹ ਬਨੂ ਖ਼ਜ਼ਾਆ 'ਤੇ ਹਮਲਾ ਕਰ ਦੇਣ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਹਾਂ ਅੱਲਾਹ ਤਆਲਾ ਦੀ ਹਿਕਮਤ ਦੇ ਤਹਿਤ ਉਹ ਇਸ ਸੰਧੀ ਨੂੰ ਤੋੜ ਰਹੇ ਹਨ। ਉਹ ਹਿਕਮਤ ਇਹੀ ਸੀ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਹਮਲੇ ਦੀ ਇਜਾਜ਼ਤ ਨਹੀਂ ਸੀ ਅਤੇ ਸੰਧੀ ਟੁੱਟਣ ਨਾਲ ਇਜਾਜ਼ਤ ਮਿਲ ਗਈ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਕਹਿੰਦੀ ਹਨ ਕਿ ਮੈਂ ਕਿਹਾ, ਯਾ ਰਸੂਲੁੱਲਾ (ਸੱਲ-ਲੱਲਾਹੁ ਅਲੈਹਿ-ਵਸੱਲਮ)! ਕਿ ਇਸ ਦਾ ਨਤੀਜਾ ਚੰਗਾ ਨਿਕਲੇਗਾ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਹਾਂ, ਨਤੀਜਾ ਚੰਗਾ ਹੀ ਨਿਕਲੇਗਾ।

ਇਹ ਤਫ਼ਸੀਲ ਇੰਨਸ਼ਾ ਅੱਲਾਹ ਆਇੰਦਾ ਵੀ ਚੱਲੇਗੀ।

ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ਰ-ਰਿਹਿਲ੍ ਅਜ਼ੀਜ਼ ਨੇ ਹਾਲੀਆ ਇਰਾਨ ਇਸਰਾਈਲ ਜੰਗ ਦੇ ਪੇਸ਼ਿ ਨਜ਼ਰ ਦੁਆਵਾਂ ਦੀ ਤਹਿਰੀਕ ਕਰਦੇ ਹੋਏ ਫ਼ਰਮਾਇਆ ਕਿ ਇਸ ਵੇਲੇ ਦੁਨਿਆ ਦੇ ਆਮ ਹਾਲਾਤਾਂ ਲਈ ਵੀ ਮੈਂ ਕਹਿਣਾ ਚਾਹੁੰਦਾ ਹਾਂ, ਅਕਸਰ ਕਹਿੰਦਾ ਹਾਂ, ਦੁਆਵਾਂ ਕਰਦੇ ਰਹੋ। ਜੰਗ ਦੇ ਫੈਲਣ ਦੀਆਂ ਸੰਭਾਵਨਾਵਾਂ ਵਧਦੀਆਂ ਚਲੀਆਂ ਜਾ ਰਹੀਆਂ ਹਨ। ਅੱਲਾਹ ਤਆਲਾ ਤੋਂ ਦੁਆ ਕਰੋ ਕਿ ਅੱਲਾਹ ਤਆਲਾ ਇਸ ਦੀ ਤਬਾਹਕਾਰੀ ਤੋਂ ਸਾਨੂੰ ਮਹਿਫ਼ੂਜ਼ ਰੱਖੇ ਕਿਉਂਕਿ ਹੁਣ ਤਾਂ ਇਰਾਨ 'ਤੇ ਇਸਰਾਇਲ ਨੇ ਹਮਲਾ ਕਰ ਦਿੱਤਾ ਹੈ ਅਤੇ ਇਹ ਜੰਗ ਦੀ ਹਾਲਤ ਖ਼ਤਰਨਾਕ ਸੂਰਤ ਇਖ਼ਤਿਆਰ ਕਰ ਚੁੱਕੀ ਹੈ।

ਇਹ ਲੋਕ ਤਾਂ ਹੁਣ ਇਹੀ ਚਾਹੁਣਗੇ, ਇਸਰਾਇਲ ਦੀ ਹਕੂਮਤ, ਕਿ ਇੱਕ ਇੱਕ ਕਰਕੇ ਸਾਰੇ ਮੁਸਲਮਾਨ ਮੁਲਕਾਂ ਨੂੰ ਨੁਕ਼ਸਾਨ ਪਹੁੰਚਾਉਣ। ਪਰ ਮੁਸਲਮਾਨ ਮੁਲਕ ਸੁੱਤੇ ਹੋਏ ਹਨ, ਆਪਣੀ ਤਰੱਕ਼ੀ ਅਤੇ ਆਪਣੀਆਂ ਦੂਸਰੀਆਂ ਤਰਜੀਹਾਂ ਜੋ ਹਨ, ਉਹਨਾਂ ਵਿੱਚ ਡੁੱਬੇ ਹੋਏ ਹਨ ਅਤੇ ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਕੀ ਹੋਣਾ ਹੈ। ਮੁਸਲਮਾਨਾਂ ਦੇ ਨਾਂ ਤਾਂ ਅਮਲ ਰਹੇ ਹਨ ਨਾ ਉਹਨਾਂ ਦੀ ਦੁਆ ਵੱਲ ਤਵੱਜੋ ਹੈ ਅਤੇ ਫਿਰ ਅਜਿਹੀ ਹਾਲਤ ਵਿੱਚ ਜਿਹੜਾ ਨੁਕ਼ਸਾਨ ਪਹੁੰਚੇਗਾ ਉਸਦਾ ਤਸੱਵੁਰ ਵੀ ਨਹੀਂ ਕਰ ਸਕਦੇ। ਅੱਲਾਹ ਤਆਲਾ ਇਹਨਾਂ ਨੂੰ ਅਕ਼ਲ ਦੇਵੇ ਅਤੇ ਇਹ ਇਸ ਵੱਲ ਤਵੱਜੋ ਕਰਨ ਅਤੇ ਆਪਣੀ ਇਕਾਈ ਕ਼ਾਇਮ ਕਰਨ ਦੀ ਕੋਸ਼ਿਸ਼ ਕਰਨ। ਇਹ ਨਹੀਂ ਕਿ ਫ਼ਲਾਣਾ ਫ਼ਿਰਕ਼ਾ ਹੈ ਤੇ ਫ਼ਲਾਣਾ ਫ਼ਿਰਕ਼ਾ ਹੈ ਤਾਂ ਅਸੀਂ ਉਹਨਾਂ ਦੀ ਮਦਦ ਨਹੀਂ ਕਰ ਰਹੇ। ਸਭ ਮੁਲਕ ਖ਼ਤਰੇ ਵਿੱਚ ਹਨ ਕਿਉਂਕਿ أَلْكُفْرُ مِلَّةٌ وَاحِدَةٌ ਅਲ੍-ਕੁਫ਼ਰੁ ਮਿੱਲ੍ਤੁੰਨ੍ ਵਾਹਿਦਤੁੰਨ੍ (ਯਾਨੀ ਸਾਰੇ ਕਾਫ਼ਿਰ ਇੱਕ ਹੋ ਗਏ ਹਨ) ਹੋ ਚੁੱਕਾ ਹੈ। ਕਾਫ਼ਿਰ ਜਿਹੜੇ ਹਨ ਉਹ ਸਭ ਇੱਕ ਮਿੱਲਤਿ ਵਾਹਿਦਾ ਬਣ ਗਏ ਹਨ ਅਤੇ ਹੁਣ ਮੁਸਲਮਾਨਾਂ ਨੂੰ ਵੀ ਉੱਮਤਿ ਵਾਹਿਦਾ ਬਣਨਾ ਪਵੇਗਾ ਤਦ ਹੀ ਉਹਨਾਂ ਦੀ ਬਚਤ ਹੈ। ਉਸਦੇ ਬਗ਼ੈਰ ਕੋਈ ਚਾਰਾ ਨਹੀਂ। ਅੱਲਾਹ ਤਆਲਾ ਹਰ ਮਾਸੂਮ ਨੂੰ, ਹਰ ਮਜ਼ਲੂਮ ਨੂੰ ਵੱਡੇ ਨੁਕ਼ਸਾਨ ਤੋਂ ਬਚਾਵੇ। ਸਾਨੂੰ ਦੁਆਵਾਂ ਵੱਲ ਬਹੁਤ ਜ਼ਿਆਦਾ ਤਵੱਜੋ ਦੇਣੀ ਚਾਹੀਦੀ ਹੈ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਵੀ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞